Alberta

ਪ੍ਰੈੱਸ ਰਿਲੀਜ਼

# ਸਾਹ ਪ੍ਰਨਾਲੀ ਦੇ ਵਾਇਰਸ ਲਈ ਟੀਕਾਕਰਨ ਹੁਣ ਉਪਲਬਧ

7 ਅਕਤੂਬਰ 2024 ਮੀਡੀਆ ਇੰਨਕੁਆਰੀਆਂ

## ਅੱਜ ਤੋਂ ਸ਼ੁਰੂ ਕਰਦਿਆਂ, ਐਲਬਰਟਾ ਨਿਵਾਸੀ ਪੱਤਝੜ ਰੁੱਤ ਦੇ ਸਾਹ ਪ੍ਰਨਾਲੀ ਦੇ ਵਾਇਰਸਾਂ ਤੋਂ ਸੁਰੱਖਿਆ ਲਈ ਆਪਣਾ ਸਲਾਨਾਂ ਟੀਕਾਕਰਨ ਬੁੱਕ ਕਰ ਸਕਣ ਦੇ ਯੋਗ ਹੋਣਗੇ।

ਯੋਗ ਬਣਦੇ ਐਲਬਰਟਾ ਨਿਵਾਸੀ ਹੁਣ ਐਲਬਰਟਾ ਵੈਕਸੀਨ ਬੁੱਕਿੰਗ ਸਿਸਟਮ ਰਾਹੀਂ, ਫਾਰਮੇਸੀ ਜਾਂ ਐਲਬਰਟਾ ਹੈਲਥ ਸਰਵਿਸਿਜ਼ ਕਲਿਨਿਕ ਐਪੁਆਇੰਮੈਂਟਾਂ ਲਈ ਹੈਲਥ ਲਿੰਕ ਨੂੰ 811 'ਤੇ ਫੋਨ ਕਰ ਦੁਆਰਾ ਜਾਂ ਆਪਣੇ ਨੇੜੇ ਦੀ ਫਾਰਮੇਸੀ ਨਾਲ ਸਿੱਧਿਆਂ ਸੰਪਰਕ ਕਰਨ ਦੁਆਰਾ ਟੀਕਾਕਰਨ ਐਪੁਆਇੰਮੈਂਟਾਂ ਬੁੱਕ ਕਰ ਸਕਦੇ ਹਨ। ਐਲਬਰਟਾ ਨਿਵਾਸੀਆਂ ਨੂੰ ਟੀਕਾਕਰਨ ਬਾਰੇ ਅਤੇ ਵਿਅਕਤੀਆਂ ਅਤੇ ਪਰਿਵਾਰਾਂ ਲਈ ਕਿਹੜੀਆਂ ਆਪਸ਼ਨਾਂ ਸਭ ਤੋਂ ਵਧੀਆ ਹਨ, ਬਾਰੇ ਅਗਵਾਈ ਲੈਣ ਲਈ ਆਪਣੇ ਮੁੱਢਲੀ ਸਿਹਤ-ਸੰਭਾਲ ਪ੍ਰਦਾਨ ਕਰਤਾ ਨਾਲ ਗੱਲਬਾਤ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਕੋਵਿਡ-19 ਅਤੇ ਇੰਨਫਲੂਐਂਜ਼ਾ ਟੀਕਾਕਰਨ ਲਈ ਪਬਲਿਕ ਵਾਸਤੇ 15 ਅਕਤੂਬਰ ਤੋਂ ਸ਼ੁਰੂ ਹੋਣ ਵਾਲੀਆਂ ਉਪਲਬਧ ਖਾਲੀ ਐਪੁਆਇੰਟਮੈਂਟ ਸਥਾਨਾਂ ਲਈ ਅੱਜ ਤੋਂ ਐਪੁਆਇੰਟਮੈਂਟਾਂ ਬੁੱਕ ਕੀਤੀ ਜਾ ਸਕਦੀਆਂ ਹਨ। ਰੈਸਪਾਇਰੇਟੌਰੀ ਸਿੰਨਸਈਟੀਅਲ ਵਾਇਰਸ (RSV) ਟੀਕਾਕਰਨ ਲਈ 21 ਅਕਤੂਬਰ ਤੋਂ ਸ਼ੁਰੂ ਹੋਣ ਵਾਲੀਆਂ ਖਾਲੀ ਐਪੁਆਇੰਮੈਂਟ ਸਥਾਨਾਂ ਲਈ ਐਪੁਆਇੰਟਮੈਂਟਾਂ ਹੁਣ ਬੁੱਕ ਕੀਤੀਆਂ ਜਾ ਸਕਦੀਆਂ ਹਨ।

“ਜਦੋਂ ਪੱਤਝੜ ਸ਼ੁਰੂ ਹੋ ਰਹੀ ਹੈ, ਸਾਹ ਪ੍ਰਣਾਲੀ ਦੇ ਪ੍ਰਚਲਤ ਵਾਇਰਸਾਂ ਤੋਂ ਬਚਾਅ ਲਈ ਅਗੇਤਿਆਂ ਯੋਜਨਾਂ ਬਣਾਉਣੀ ਮਹੱਤਵਪੂਰਨ ਹੈ। ਮੈਂ ਹਰੇਕ ਨੂੰ ਜ਼ੋਰ ਦੇ ਕੇ ਉਤਸ਼ਾਹਤ ਕਰਦੀ ਹਾਂ ਕਿ ਉਹ ਆਪਣੀ ਸਿਹਤ ਸਬੰਧੀ ਜਾਣਕਾਰ ਪ੍ਰਕਾਰ ਦੇ ਫੈਸਲੇ ਲੈਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਉਹ ਸੀਜ਼ਨ ਵਾਸਤੇ ਪੂਰੀ ਤਰ੍ਹਾਂ ਤਿਆਰ ਹਨ, ਆਪਣੇ ਸਥਾਨਕ ਫਰਮਾਸਿਸਟ, ਡਾਕਟਰ ਜਾਂ ਸਿਹਤ-ਸੰਭਾਲ ਪ੍ਰਦਾਨ ਕਰਤਾ ਨਾਲ ਸਲਾਹ ਮਸ਼ਵਰਾ ਕਰਨ।”

*Adriana LaGrange, ਮਿਨਿਸਟਰ ਆਫ ਹੈਲਥ*

“ਇਸ ਪੱਤਝੜ ਰੁੱਤੇ ਉਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ, ਜਿਹੜੀਆਂ ਆਮ ਤੌਰ 'ਤੇ ਪੱਤਝੜ ਅਤੇ ਸਰਦੀਆਂ ਦੇ ਮਹੀਨਿਆਂ 'ਚ ਲੱਗਦੀਆਂ ਹਨ, ਸੁਰੱਖਿਆ ਦਾ ਇਕ ਵਧੀਕ ਉਪਾਅ ਕਰ ਲੈਣਾ ਸਭ ਤੋਂ ਵਧੀਆ ਤਰੀਕਾ ਹੈ। ਸਾਹ ਪ੍ਰਨਾਲੀ ਦੇ ਵਾਇਰਸਾਂ ਦੇ

Classification: Public

ਵੈਕਸੀਨ, ਜਿਹੜੇ ਇਸ ਪੱਤਝੜ ਰੁੱਤੇ ਲਗਾਏ ਜਾਣਗੇ, ਉਨ੍ਹਾਂ ਵਾਇਰਸਾਂ ਦੀਆਂ ਕਿਸਮਾਂ ਵਿਰੁੱਧ ਤਕੜਾ ਬਚਾਅ ਕਰਨ ਲਈ ਵਿਸ਼ੇਸ਼ ਤੌਰ 'ਤੇ ਬਣਾਏ ਗਏ ਹਨ, ਜਿੰਨ੍ਹਾਂ ਦੀ ਇਸ ਸੀਜ਼ਨ 'ਚ ਪ੍ਰਚਲਤ ਹੋਣ ਦੀ ਆਸ ਹੈ।"

*Dr. Mark Joffe, ਚੀਫ ਮੈਡੀਕਲ ਅਫਸਰ ਆਫ ਹੈਲਥ*

ਕਾਂਟੀਨਿਊਇੰਗ ਕੇਅਰ ਹੋਮਾਂ ਅਤੇ ਸੀਨੀਅਰਾਂ ਲਈ ਰਹਿਣ ਦੀਆਂ ਸਹਾਇਤਾ-ਯੁਕਤ ਰਿਹਾਇਸ਼ਾਂ 'ਚ ਰਹਿਣ ਵਾਲੇ ਵਾਸੀਆਂ ਨੂੰ, ਜੋ 60 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਹਨ, ਇੰਨਫਲੂਐਂਜ਼ਾ ਅਤੇ ਕੋਵਿਡ-19 ਦੇ ਟੀਕਾਕਰਨ ਤੋਂ ਇਲਾਵਾ ਐਲਬਰਟਾ ਆਊਟਰੀਚ ਪ੍ਰੋਗਰਾਮ ਦੁਆਰਾ ਆਰ ਐੱਸ ਵੀ ਤੋਂ ਬਚਾਅ ਵਾਸਤੇ ਸਰਕਾਰ ਵੱਲੋਂ ਫੰਡ ਕੀਤੇ ਐਬਰਿਸਵੋ ਵੈਕਸੀਨ ਤੱਕ ਪਹੁੰਚ ਹਾਸਲ ਹੋਵੇਗੀ, ਜੋ ਇਸ ਸਾਲ ਨਵਾਂ ਪ੍ਰੋਗਰਾਮ ਹੈ।

ਉਨ੍ਹਾਂ ਸੀਨੀਅਰਾਂ ਨੂੰ ਜੋ ਕਮਿਊਨਿਟੀ 'ਚ ਰਹਿ ਰਹੇ ਹਨ ਅਤੇ 70 ਸਾਲ ਅਤੇ ਇਸ ਤੋਂ ਵੱਡੀ ਉਮਰ ਦੇ ਹਨ, ਨੂੰ ਵੀ ਸਰਕਾਰ ਵੱਲੋਂ ਫੰਡ ਕੀਤੇ ਗਏ ਐਬਰਿਸਵੋ ਵੈਕਸੀਨ ਦੀ ਸੀਮਤ ਸਪਲਾਈ ਤੱਕ ਪਹੁੰਚ ਹਾਸਲ ਹੋਵੇਗੀ। ਉਨ੍ਹਾਂ ਵਾਸਤੇ, ਜਿਹੜੇ ਸਰਕਾਰ ਵੱਲੋਂ ਫੰਡ ਕੀਤੇ ਗਏ ਵੈਕਸੀਨ ਪ੍ਰੋਗਰਾਮ ਵਾਸਤੇ ਯੋਗ ਨਹੀਂ ਬਣਦੇ  ਹੋਣਗੇ, ਵੈਕਸੀਨ ਖਰੀਦੇ ਜਾ ਸਕਣ ਲਈ ਉਪਲਬਧ ਹੋਣਗੇ।

## ਫੌਰੀ ਤੱਥ

- ਸਾਹ ਪ੍ਰਨਾਲੀ ਦੇ ਵਾਇਰਸਾਂ ਬਾਰੇ ਵਧੇਰੇ ਜਾਣਕਾਰੀ ਲਈ www.alberta.ca/respiratory-illness ਵੇਖੋ।
- ਕੋਵਿਡ-19 ਅਤੇ ਇੰਨਫਲੂਐਂਜ਼ਾ ਦੇ ਵੈਕਸੀਨ ਕਿਸੇ ਵਿਅਕਤੀ ਨੂੰ ਇੱਕੋ ਹੀ ਦਿਨ 'ਤੇ ਲਗਾਏ ਜਾ ਸਕਦੇ ਹਨ।
- ਆਰ ਐੱਸ ਵੀ ਵੈਕਸੀਨ ਜ਼ਰੂਰੀ ਤੌਰ 'ਤੇ ਕੋਵਿਡ-19 ਅਤੇ ਜਾਂ/ਇੰਨਫਲੂਐਂਜ਼ਾ ਇੰਮਿਊਨੀਜ਼ੇਸ਼ਨ ਵੈਕਸੀਨਾਂ ਤੋਂ ਜਾਂ ਤੇ ਦੋ ਹਫਤੇ ਪਹਿਲਾਂ ਜਾਂ ਫਿਰ ਦੋ ਹਫਤੇ ਬਾਦ ਲਗਾਏ ਜਾਣੇ ਚਾਹੀਦੇ ਹਨ।

## ਸਬੰਧਤ ਜਾਣਕਾਰੀ

- ਐਲਬਰਟਾ ਵੈਕਸੀਨ ਬੁੱਕਿੰਗ ਸਿਸਟਮ

## ਮੀਡੀਆ ਇੰਨਕੁਆਰੀਆਂ

### Jessi Rampton

780-427-2137
ਪ੍ਰੈੱਸ ਸੈਕਰੇਟਰੀ, ਹੈਲਥ